D:\Works I\Endst.doc
D:\Works I\Endst.doc

ਵੱਲ

ਉਪ ਮੰਡਲ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਉਪ ਮੰਡਲ
ਖੰਨਾ।

ਵਿਸ਼ਾ:- ਮਲੇਰਕੋਟਲਾ ਰੋਡ ਰਾਧਾ ਕ੍ਰਿਸ਼ਨ ਮੰਦਿਰ ਮੋੜ ਤੋ ਚੀਮਾ ਚੌਂਕ ਤੱਕ ਪੰਜਾਬ ਨੈਸ਼ਨਲ ਬੈਂਕ ਸਾਈਡ ਤੇ ਮੇਨ ਰੋਡ ਦੇ ਨਾਲ ਸੀਵਰੇਜ਼ ਲਾਈਨ ਪਾਉਣ ਬਾਰੇ।

ਹਵਾਲਾ:- ਹਵਾਲਾ ਆਪ ਜੀ ਦੇ ਦਫਤਰ ਦਾ ਪੱਤਰ ਨੰ: 66, ਮਿਤੀ 31.08.2017 ਦੇ ਹਵਾਲੇ ਅਧੀਨ।

ਸ੍ਰੀ ਮਾਨ ਜੀ,

ਉਕਤ ਵਿਸ਼ੇ ਅਧੀਨ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਖੰਨਾ ਸ਼ਹਿਰ ਦੇ ਵੱਖ-ਵੱਖ ਏਰੀਏ ਵਿੱਚ ਸੀਵਰੇਜ ਲਾਈਨਾ ਪਾਉਣ ਲਈ ਤਕਰੀਬਨ 85-90 ਕਰੋੜ ਦੇ ਲਗਭਗ ਸਰਕਾਰ ਵੱਲੋਂ ਫੰਡਜ ਜਾਰੀ ਕੀਤੇ ਗਏ ਹਨ ਮਲੇਰਕੋਟਲਾ ਰੋਡ ਦੇ ਦੁਕਾਨਦਾਰਾ ਵੱਲੋਂ ਉਕਤ ਮੰਗ ਸਰਕਾਰ ਪਾਸ ਪਬਲਿਕ ਹਿੱਤ ਵਿੱਚ ਕੀਤੀ ਜਾ ਰਹੀ ਹੈ ਤਾਂ ਜ਼ੋ ਬੈਂਕ ਦੇ ਸਾਹਮਣੇ/ ਨੇੜੇ ਜਿਹੜਾ ਬਰਸਾਤੀ ਪਾਣੀ ਖੜ੍ਹਾ ਹੋ ਜਾਦਾ ਹੈ ਉਸ ਨਾਲ ਕਈ ਦੁਰਘਟਨਾਵਾਂ ਹੋ ਚੁੱਕੀਆਂ ਹਨ। ਸਰਕਾਰ ਵੱਲੋਂ ਕਰੋੜਾ ਰੁਪਏ ਲਗਾ ਕੇ ਨਵੀਂ ਬਣਾਈ ਗਈ ਸੜਕ ਦੇ ਟੁੱਟ ਦੇ ਅਸਾਰ ਹਨ, ਜਿਸ ਨਾਲ ਫੰਡਜ਼ ਦਾ ਨੁਕਸਾਨ ਹੁੰਦਾ ਹੈ।

ਉਕਤ ਪੱਤਰ ਦੀ ਰੋਸ਼ਨੀ ਵਿੱਚ ਦੱਸਿਆਂ ਜਾਵੇ ਕਿ ਉਕਤ ਕੰਮ ਕਿੰਨੇ ਸਮੇਂ ਵਿੱਚ ਬੋਰਡ ਵੱਲੋਂ ਅਤੇ ਸੁਰੂ ਅਤੇ ਮੁਕੰਮਲ ਹੋਣ ਦੀ ਆਸ ਹੈ। ਜੇਕਰ ਹੁਣ ਵੀ ਕੰਮ ਵਿੱਚ ਦੇਰੀ ਹੁੰਦੀ ਹੈ ਤਾਂ ਇਹ ਸਮਝ ਲਿਤਾ ਜਾਵੇਗਾ ਕਿ ਫੰਡਜ਼ ਦੇ ਉਪਲਬੱਧ ਹੋਣ ਅਤੇ ਉਕਤ ਪੱਤਰ ਰਾਹੀਂ ਦਿੱਤਾ ਗਿਆ ਭਰੋਸਾ ਅਧੂਰਾ ਹੈ ਅਤੇ ਕਿਸੇ ਵੀ ਦੁਰਘਟਨਾ ਅਤੇ ਸੜਕ ਦੇ ਟੁੱਟਣ ਕਾਰਨ ਹੋਣ ਵਾਲੇ ਨੁਕਸਾਨ ਲਈ ਸੀਵਰੇਜ਼ ਬੋਰਡ ਦੀ ਜਵਾਬ ਦੇਹੀ ਹੋਵੇਗੀ।

ਅਸੀਂ ਆਸ ਕਰਦੇ ਹਾਂ ਕਿ ਕੰਮ ਬਿਨਾਂ ਦੇਰੀ ਸੁਰੂ ਕਰਨ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

5650
23/7/19

ਆਪ ਜੀ ਦਾ ਸ਼ੁੱਭ ਚਿੰਤਕ,

ਧੰਨਵਾਦ ਸਹਿਤ।

Balram

ਮਿਤੀ: 17.07.2019

ਬਲਰਾਮਧੀਰ ਅਤੇ ਸਾਥੀ ਦੁਕਾਨਦਾਰ
ਨੇੜੇ ਪੰਜਾਬ ਨੈਸ਼ਨਲ ਬੈਂਕ
ਮਲੇਰਕੋਟਲਾ ਰੋਡ ਖੰਨਾ

ਉਤਾਰਾ :-
1. ਮਾਨਯੋਗ ਪ੍ਰਮੁੱਖ ਸਕੱਤਰ, ਸਥਾਨਕ ਸਰਾਕਰ ਵਿਭਾਗ ਪੰਜਾਬ ਚੰਡੀਗੜ੍ਹ।
2. ਮਾਨਯੋਗ ਮੈਨੇਜਿੰਗ ਡਾਇਰੈਕਟਰ ਪੰਜਾਬ ਸੀਵਰੇਜ ਬੋਰਡ ਸੈਕਟਰ 27-ਏ, ਚੰਡੀਗੜ੍ਹ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ।

GOBIND

ਬਲਰਾਮ ਧੀਰ
ਮੋਬਾ: 81463-31710

VIKAS MOULDING HOUSE
PROP.

For Punjab National Bank
ਵਰਿਸ਼ਟ ਪ੍ਰਬੰਧਕ/Sr. Manager
Bank Colony M.K. Road, KHANNA

For Dhir Pump & Sanitary Store
Prop.

---

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ
ਪਲਾਟ ਨੰ:1-ਬੀ, ਸੈਕਟਰ 27-ਏ, ਚੰਡੀਗੜ੍ਹ

ਪਿੱਠ ਅੰਕਣ ਨੰ: ਪਵਸਸਬ-2019/ਵ-3/ 17545 ਮਿਤੀ 1/8/19

ਉਪਰੋਕਤ ਦੀ ਨਕਲ ਸਮੇਤ ਸਹਿਲੱਗ ਮੁੱਖ ਇੰਜੀਨੀਅਰ(ਪੂਰਬ), ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਵਿਸ਼ੇ ਅੰਕਿਤ ਕੇਸ ਤੇ ਲੜੀਂਦੀ ਕਾਰਵਾਈ ਕਰਦੇ ਹੋਏ ਢੁਕਵਾਂ ਜਵਾਬ ਸਿੱਧੇ ਤੌਰ ਤੇ ਪ੍ਰਾਰਥੀ ਨੂੰ ਭੇਜਦੇ ਹੋਏ ਇਸ ਦਫਤਰ ਨੂੰ ਵੀ ਸੂਚਿਤ ਕੀਤਾ ਜਾਵੇ।
ਨੱਥੀ/ਉਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ(ਵ)